Revised

ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ , ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ
ਫੋਨ ਨੰ. 0172-2212221

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ /(ਐ.ਸਿ.)
3. ਸਮੂਹ ਸਕੂਲ ਮੁੱਖੀ (ਵੈੱਬ ਸਾਇਟ ਰਾਹੀ)

ਮੀਮੋ ਨੰ. SCERT/QP/UP/2020-32681 ਮਿਤੀ 23.01.2020

ਵਿਸ਼ਾ: **ਵੱਖ-2 ਵਿਸ਼ਿਆਂ ਸਬੰਧੀ ਕਿਰਿਆਵਾਂ ਕਰਵਾਉਣ ਲਈ ਸਕੂਲ ਪੱਧਰ ਤੇ ਭੇਜੇ ਜਾਣ ਵਾਲੇ ਫੰਡਾਂ ਸਬੰਧੀ ਹਦਾਇਤਾਂ।**

ਹਵਾਲਾ: SCERT,QP/UP/2019359662, ਮਿਤੀ: 21-10-2019

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਮਗਰ ਸਿੱਖਿਆ ਅਭਿਆਨ ਤਹਿਤ ਸਾਲ 2019-20 ਲਈ ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਵਿਚ ਛੇਵੀਂ ਤੋਂ ਅੱਠਵੀਂ ਜਮਾਤਾਂ ਵਿਚ ਪੜ੍ਹਦੇ ਵਿਦਿਆਰਥੀਆਂ ਲਈ LEP (Learning Enhancement Programme) Upper Primary ਤਹਿਤ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' (ਅੰਗਰੇਜ਼ੀ, ਸਮਾਜਿਕ ਸਿੱਖਿਆ, ਗਣਿਤ, ਸਾਇੰਸ, ਪੰਜਾਬੀ, ਹਿੰਦੀ) ਲਈ ਵਿਸ਼ੇਸ਼ ਫੰਡ ਪ੍ਰਵਾਨ ਕੀਤੇ ਗਏ ਹਨ। ਆਪ ਜੀ ਦੇ ਜਿਲ੍ਹੇ ਦੇ ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਨੂੰ 40 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਪਹਿਲੀ ਕਿਸ਼ਤ ਪਹਿਲਾ ਹੀ ਭੇਜੀ ਜਾ ਚੁੱਕੀ ਹੈ, ਜਿਸਦੀ ਦੂਜੀ ਕਿਸ਼ਤ ਹੇਠਾਂ ਦਰਸਾਏ ਅਨੁਸਾਰ 130.50 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਰਾਸ਼ੀ ਰਲੀਜ਼ ਕੀਤੀ ਜਾ ਰਹੀ ਹੈ ਜਿਸਨੂੰ ਸਕੂਲ ਪੱਧਰ ਤੇ ਹੋਣ ਵਾਲੀਆਂ ਵਿਸ਼ਾ ਵਾਇਜ਼ ਗਤੀ-ਵਿਧੀਆਂ ਲਈ ਪੱਤਰ ਵਿਚ ਦਰਸਾਈਆਂ ਹਦਾਇਤਾਂ ਮੁਤਾਬਿਕ ਖਰਚਿਆ ਜਾਵੇ।

S. No.	District	No of schools (Govt)	No of students	Amount sectioned @rupees 130.50 per student
1	Amritsar	420	48582	6339951
2	Barnala	115	12956	1690758
3	Bathinda	277	32430	4232115
4	Faridkot	155	15568	2031624
5	Fatehgarh Sahib	219	12210	1593405
6	Fazilka	230	33535	4376317.5
7	Ferozepur	229	24812	3237966
8	Gurdaspur	434	33665	4393282.5
9	Hoshiarpur	491	32038	4180959

10	Jalandhar	438	37483	4891531.5
11	Kapurthala	256	15220	1986210
12	Ludhiana	533	59679	7788109.5
13	Mansa	195	21416	2794788
14	Moga	241	23419	3056179.5
15	Muktsar	226	26087	3404353.5
16	Pathankot	157	11869	1548904.5
17	Patiala	377	42627	5562823.5
18	Roopnagar	272	14384	1877112
19	S.B.S. Nagar	212	12468	1627074
20	Sangrur	364	34836	4546098
21	Sas Nagar	211	19704	2571372
22	Tarn Taran	268	28034	3658437
		6320	**593022**	77389371

3.0 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਇਸ ਗ੍ਰਾਂਟ ਨੂੰ ਸਕੂਲ ਪੱਧਰ ਤੇ ਤੁੰਰਤ ਜਾਰੀ ਕਰਨਾ ਯਕੀਨੀ ਬਣਾਉਣਗੇ ਅਤੇ ਸਕੂਲ ਮੁੱਖੀ ਇਸ ਗ੍ਰਾਂਟ ਨੂੰ ਨਿਯਮਾਂ ਅਨੁਸਾਰ ਖਰਚ ਕਰਨਾ ਸੁਨਿਸ਼ਚਿਤ ਕਰਨਗੇ।

4.0 ਇਹ ਰਾਸ਼ੀ ਆਪ ਜੀ ਨੂੰ ਮੁਹਈਆ ਕਰਵਾਈ ਜਾ ਰਹੀ ਹੈ ਤਾਂ ਜੋ ਆਪ ਵੱਲੋ ssapunjab.org ਦੀ ਵੈਬ ਸਾਇਟ ਤੇ ਮੌਜੂਦ ਲਿਸਟਾਂ (ਮਿਤੀ 15-03-2018 ਅਤੇ 18-09-2018) ਅਨੁਸਾਰ ਲੋੜੀਂਦੇ ਸਮਾਨ ਦੀ ਪੂਰਤੀ ਕਰ ਸਕਦੇ ਹੋ।

5.0 ਸਕੂਲ ਪੱਧਰ ਤੇ ਪਹਾੜਿਆਂ ਦੇ ਮੁਕਾਬਲੇ, **Mathematics Day** ਮਨਾਉਣ ਦੇ ਪ੍ਰਬੰਧ, ਵਿਦਿਆਰਥੀਆਂ ਨੂੰ ਇਨਾਮ ਦੇਣ ਅਤੇ ਸਰਟੀਫਿਕੇਟ ਦੇਣ ਲਈ ਵਰਤਿਆ ਜਾ ਸਕਦਾ ਹੈ।

6.0 ਸਕੂਲ ਪੱਧਰੀ ਸੁੰਦਰ ਲਿਖਾਈ ਦੇ ਮੁਕਾਬਲੇ, ਮੌਲਿਕ ਲਿਖਤ, ਬੋਲ ਲਿਖਤ , ਪੰਜਾਬੀ ਸੂਬਾ ਦਿਵਸ ਤੇ ਕਰਵਾਏ ਜਾਣ ਵਾਲੇ **Language Fest** ਦੇ ਪ੍ਰਬੰਧ ਕਰਨ ਅਤੇ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਇਨਾਮ ਅਤੇ ਸਰਟੀਫਿਕੇਟ ਦੇਣ ਲਈ ਵਰਤੇ ਜਾ ਸਕਦੇ ਹਨ।

7.0 ਸਕੂਲ ਪੱਧਰ ਤੇ **English Handwriting, Vocabulary & Speaking Competitions** ਕਰਵਾਉਣ ਲਈ ਅਤੇ ਵਿਦਿਆਰਥੀਆਂ ਨੂੰ ਇਨਾਮ ਦੇਣ ਅਤੇ ਸਰਟੀਫਿਕੇਟ ਦੇਣ ਲਈ ਵਰਤਿਆ ਜਾ ਸਕਦਾ ਹੈ।

8.0 ਸਕੂਲ ਪੱਧਰ ਤੇ **SST Fair** ਕਰਵਾਉਣ ਲਈ ਵਰਤੇ ਜਾ ਸਕਦੇ ਹਨ।

9.0 ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਲ੍ਹਾ ਅਤੇ ਸਕੂਲ ਪੱਧਰ ਤੇ ਇਹਨਾਂ ਫੰਡਾਂ ਨੂੰ ਸਮਗਰ ਸਿੱਖਿਆ ਤਹਿਤ ਵੱਖਰੇ ਤੋਰ ਤੇ ਖੋਲ੍ਹੇ ਗਏ ਬੈਂਕ ਅਕਾਉਂਟ ਵਿਚ ਜਮਾਂ ਕਰਵਾਇਆ ਜਾਵੇਗਾ।

10.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਉੱਕਤ ਦਿਸ਼ਾ ਨਿਰਦੇਸ਼ਾ ਅਨੁਸਾਰ ਸਕੂਲ ਗ੍ਰਾਂਟ ਖਰਚ ਕਰਨ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

11.0 ਇਹ ਰਾਸ਼ੀ ਸਕੂਲ ਮੁੱਖੀ ਆਪਣੇ ਪੱਧਰ ਤੇ VEC/SMC/SDMC ਦੇ ਨਾਲ ਮਤਾ ਪਾ ਕੇ ਖਰਚ ਕਰ ਸਕਦੇ ਹਨ।

12.0 ਸਮਾਨ ਸਕੂਲ ਮੁਖੀ ਦੁਆਰਾ ਆਪਣੇ ਪੱਧਰ ਤੇ ਵਿਸ਼ੇ ਦੇ ਅਧਿਆਪਕ ਦੇ ਨਾਲ ਵਿਚਾਰ ਵਟਾਦਰਾਂ ਕਰਨ ਉਪਰੰਤ ਹੀ ਖਰੀਦਿਆ ਜਾਵੇ।

13.0 ਸਮਾਨ ਵਧੀਆ Quality ਦਾ ਹੀ ਖਰੀਦਣਾ ਸੁਨਿਸ਼ਚਿਤ ਕੀਤਾ ਜਾਵੇ।

ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ।

ਪਿੱਠ ਅੰਕਣ ਨੰ:

ਮਿਤੀ :

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ
2. ਸਮੂਹ ਡੀ.ਐਮ. ਅਤੇ ਬੀ.ਐਮ. (ਗਣਿਤ, ਸਾਇੰਸ, ਅੰਗਰੇਜ਼ੀ/ਸਮਾਜਿਕ)

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ।